Australian Government
Department of Home Affairs

# ਸਮੁੰਦਰੀ ਯਾਤਰਾ ਦੀ ਘੋਸ਼ਣਾ

## ਸੰਖੇਪ ਜਾਣਕਾਰੀ

ਆਸਟ੍ਰੇਲੀਆ ਵਿੱਚ ਸਮੁੰਦਰ ਰਾਹੀਂ ਪਹੁੰਚਣ ਵਾਲੇ ਯਾਤਰੀਆਂ ਨੂੰ ਸਮੁੰਦਰੀ ਯਾਤਰਾ ਘੋਸ਼ਣਾ ਪੱਤਰ (MTD) ਜਮ੍ਹਾਂ ਕਰਨ ਦੀ ਲੋੜ ਹੁੰਦੀ ਹੈ। ਆਸਟ੍ਰੇਲੀਆ ਦੀ ਆਪਣੀ ਯਾਤਰਾ ਲਈ ਆਪਣੇ ਸਮੁੰਦਰੀ ਜਹਾਜ਼ ਵਿੱਚ ਚੜ੍ਹਨ ਤੋਂ ਪਹਿਲਾਂ ਤੁਹਾਨੂੰ MTD ਲਾਜ਼ਮੀ ਜਮ੍ਹਾਂ ਕਰਵਾਉਣਾ ਚਾਹੀਦਾ ਹੈ। ਸਮੁੰਦਰੀ ਜਹਾਜ਼ ਵਿੱਚ ਚੜ੍ਹਨ ਤੋਂ ਪਹਿਲਾਂ 3 ਅਤੇ 10 ਦਿਨਾਂ ਦੇ ਵਿਚਕਾਰ ਤੁਹਾਨੂੰ ਆਪਣੇ MTD ਨੂੰ ਜਮ੍ਹਾਂ ਕਰਵਾਉਣਾ ਚਾਹੀਦਾ ਹੈ। MTD ਨੂੰ ਪੂਰਾ ਕਰਦੇ ਸਮੇਂ, ਤੁਹਾਨੂੰ ਹੇਠ ਲਿਖਿਆਂ ਦੀ ਲੋੜ ਪਵੇਗੀ:

- ਆਪਣੇ ਸੰਪਰਕ ਦੇ ਵੇਰਵੇ ਪ੍ਰਦਾਨ ਕਰਵਾਓ, ਜਿਸ ਵਿੱਚ ਈਮੇਲ ਪਤਾ ਅਤੇ ਸੰਪਰਕ ਫ਼ੋਨ ਨੰਬਰ ਵੀ ਸ਼ਾਮਲ ਹੈ ਜਦ ਤੁਸੀਂ ਆਸਟ੍ਰੇਲੀਆ ਵਿੱਚ ਹੋ
- ਆਪਣੀ COVID-19 ਟੀਕਾਕਰਨ ਸਥਿਤੀ ਬਾਰੇ ਘੋਸ਼ਣਾ ਕਰੋ
- ਆਪਣੇ ਆਸਟ੍ਰੇਲੀਆ ਪਹੁੰਚਣ ਤੋਂ ਪਹਿਲਾਂ ਦੇ ਪਿਛਲੇ 14 ਦਿਨਾਂ ਵਿੱਚ ਤੁਹਾਡੇ ਅੰਤਰਰਾਸ਼ਟਰੀ ਯਾਤਰਾ ਇਤਿਹਾਸ ਬਾਰੇ ਘੋਸ਼ਣਾ ਕਰੋ
- ਘੋਸ਼ਣਾ ਕਰੋ ਕਿ ਤੁਸੀਂ ਕੁਆਰੰਟੀਨ ਅਤੇ ਟੈਸਟ ਕਰਨ ਦੀਆਂ ਲੋੜਾਂ ਤੋਂ ਜਾਣੂ ਹੋ ਜੋ ਉਸ ਪ੍ਰਾਂਤ ਜਾਂ ਕੇਂਦਰੀ ਪ੍ਰਦੇਸ਼ ਵਿੱਚ ਲਾਗੂ ਹੁੰਦੀਆਂ ਹਨ ਜਿਸ ਵਿੱਚ ਤੁਸੀਂ ਉੱਤਰ ਰਹੇ ਹੋ ਅਤੇ ਪਾਲਣਾ ਨਾ ਕਰਨ ਲਈ ਜ਼ੁਰਮਾਨੇ।

**ਨੋਟ:** ਇਸ ਤੋਂ ਪਹਿਲਾਂ ਕਿ ਤੁਸੀਂ ਆਪਣੇ MTD ਨੂੰ ਪੂਰਾ ਕਰੋ, ਆਸਟ੍ਰੇਲੀਆ ਵਾਸਤੇ ਯਾਤਰਾ ਦੀਆਂ ਹੋਰ ਸਾਰੀਆਂ ਲੋੜਾਂ ਦੀ ਜਾਂਚ ਕਰੋ। ਯਾਤਰਾ ਕਰਨ ਤੋਂ ਪਹਿਲਾਂ ਤੁਹਾਨੂੰ ਲੋੜੀਂਦੇ ਸਾਰੇ ਦਸਤਾਵੇਜ਼ਾਂ ਦੀ ਸੂਚੀ ਲਈ ਟੀਕੇ ਲੱਗੇ ਯਾਤਰੀਆਂ ਅਤੇ ਟੀਕੇ ਨਾ ਲੱਗੇ ਯਾਤਰੀਆਂ ਬਾਰੇ ਜਾਣਕਾਰੀ ਵੇਖੋ।

ਸਮੁੰਦਰ ਰਾਹੀਂ ਆਸਟ੍ਰੇਲੀਆ ਪਹੁੰਚਣ ਵਾਲੇ ਯਾਤਰੀਆਂ ਨੂੰ ਡਿਜ਼ਿਟਲ ਯਾਤਰੀ ਘੋਸ਼ਣਾ ਪੱਤਰ (DPD) ਜਮ੍ਹਾਂ ਕਰਨ ਦੀ ਲੋੜ **ਨਹੀਂ** ਹੁੰਦੀ ਹੈ।

MTD ਸਿਰਫ ਸਮੁੰਦਰ ਰਾਹੀਂ ਆਸਟ੍ਰੇਲੀਆ ਪਹੁੰਚਣ ਵਾਲੇ ਲੋਕਾਂ ਲਈ ਹੈ। ਜੇ ਤੁਸੀਂ ਹਵਾਈ ਜਹਾਜ਼ ਰਾਹੀਂ ਆਸਟ੍ਰੇਲੀਆ ਪਹੁੰਚ ਰਹੇ ਹੋ, ਤਾਂ ਇਸ ਦੀ ਬਜਾਏ ਡਿਜ਼ਿਟਲ ਯਾਤਰੀ ਘੋਸ਼ਣਾ ਪੱਤਰ (DPD) ਜਮ੍ਹਾਂ ਕਰੋ।

## ਜ਼ੁਰਮਾਨੇ ਅਤੇ ਕਾਨੂੰਨੀ ਤੌਰ 'ਤੇ ਲਾਗੂ ਕਰਨਾ

ਇਸ ਤੋਂ ਪਹਿਲਾਂ ਕਿ ਤੁਸੀਂ ਆਸਟ੍ਰੇਲੀਆ ਦੀ ਯਾਤਰਾ ਲਈ ਆਪਣੇ ਸਮੁੰਦਰੀ ਜਹਾਜ਼ ਵਿੱਚ ਚੜ੍ਹੋ, ਤੁਹਾਨੂੰ ਮਹੱਤਵਪੂਰਣ ਜਾਣਕਾਰੀ ਪ੍ਰਦਾਨ ਕਰਵਾਉਣ ਲਈ ਸਮੁੰਦਰੀ ਯਾਤਰਾ ਘੋਸ਼ਣਾ (MTD) ਦੀ ਵਰਤੋਂ ਕਰਨੀ ਚਾਹੀਦੀ ਹੈ, ਜਿਸ ਵਿੱਚ ਤੁਹਾਡੇ ਟੀਕਾਕਰਨ ਦੀ ਅਵਸਥਾ ਬਾਰੇ ਘੋਸ਼ਣਾ ਵੀ ਸ਼ਾਮਲ ਹੈ। ਇਹ ਇਕ ਕਾਨੂੰਨੀ ਲੋੜ ਹੈ। ਕੋਈ ਵਿਅਕਤੀ ਜੋ ਲੋੜ ਦੀ ਪਾਲਣਾ ਕਰਨ ਵਿੱਚ ਅਸਫਲ ਰਹਿੰਦਾ ਹੈ, ਉਹ 30 ਹਰਜਾਨੇ (ਪੈਨਲਟੀ) ਯੂਨਿਟਾਂ (ਵਰਤਮਾਨ ਸਮੇਂ 6,660 ਆਸਟ੍ਰੇਲੀਅਨ ਡਾਲਰ) ਦੇ ਸਿਵਲ ਹਰਜਾਨੇ (ਜੁਰਮਾਨੇ) ਲਈ ਜ਼ਿੰਮੇਵਾਰ ਹੋ ਸਕਦਾ ਹੈ। ਇਹ *ਜੈਵਿਕ-ਸੁਰੱਖਿਆ (ਬਾਇਓਸਕਿਓਰਿਟੀ) ਕਾਨੂੰਨ 2015* ਦੀ ਧਾਰਾ 46 ਵਿੱਚ ਨਿਰਧਾਰਤ ਕੀਤਾ ਗਿਆ ਹੈ।

**ਆਸਟ੍ਰੇਲੀਆ ਦੀ ਸਰਕਾਰ ਨੂੰ ਝੂਠੀ ਜਾਂ ਗੁੰਮਰਾਹਕੁੰਨ ਜਾਣਕਾਰੀ ਦੇਣਾ ਇਕ ਗੰਭੀਰ ਜ਼ੁਰਮ ਹੈ। ਜੇ ਦੋਸ਼ੀ ਪਾਏ ਜਾਂਦੇ ਹੋ, ਤਾਂ ਵੱਧ ਤੋਂ ਵੱਧ ਸਜ਼ਾ 12 ਮਹੀਨਿਆਂ ਲਈ ਕੈਦ ਹੈ।**

ਜਨਤਕ ਸਿਹਤ ਆਦੇਸ਼ਾਂ ਦੀ ਪਾਲਣਾ ਨੂੰ ਲਾਗੂ ਕਰਨ ਲਈ ਪ੍ਰਾਂਤ ਅਤੇ ਕੇਂਦਰੀ ਪ੍ਰਦੇਸ਼ ਵੀ ਦੰਡਾਂ ਨੂੰ ਲਾਗੂ ਕਰ ਸਕਦੇ ਹਨ। ਇਸ ਵਿੱਚ COVID-19 ਲਈ ਟੈਸਟ ਕਰਵਾਉਣਾ ਅਤੇ ਸਵੈ-ਇਕਾਂਤਵਾਸ ਜਾਂ ਕੁਆਰੰਟੀਨ ਦੀਆਂ ਜ਼ਰੂਰਤਾਂ ਸ਼ਾਮਲ ਹੋ ਸਕਦੀਆਂ ਹਨ। ਜੇ ਤੁਸੀਂ ਦਾਖਲ ਹੋਣ ਦੇ ਬਾਅਦ ਜਨਤਕ ਸਿਹਤ ਆਦੇਸ਼ਾਂ ਜਾਂ ਕਿਸੇ ਲੋੜਾਂ ਦੀ ਪਾਲਣਾ ਨਹੀਂ ਕਰਦੇ, ਤਾਂ ਤੁਹਾਨੂੰ ਗੰਭੀਰ ਦੰਡਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਜਿੰਨ੍ਹਾਂ ਵਿੱਚ ਕੈਦ ਜਾਂ ਜ਼ਿਕਰਯੋਗ ਜੁਰਮਾਨੇ ਵੀ ਸ਼ਾਮਲ ਹਨ। ਥੋੜ੍ਹੇ ਸਮੇਂ ਦੇ ਨੋਟਿਸ 'ਤੇ ਲੋੜਾਂ ਵਿੱਚ ਤਬਦੀਲੀ ਹੋ ਸਕਦੀ ਹੈ। ਵਧੇਰੇ ਜਾਣਕਾਰੀ ਵਾਸਤੇ ਪ੍ਰਾਂਤ ਅਤੇ ਕੇਂਦਰੀ ਪ੍ਰਦੇਸ਼ ਦੀਆਂ ਪਹੁੰਚਣ ਦੀਆਂ ਲੋੜਾਂ ਵੇਖੋ।

ਜਿਹੜੇ ਅਸਥਾਈ ਵੀਜ਼ਾ ਧਾਰਕ ਆਸਟ੍ਰੇਲੀਆ ਪਹੁੰਚਦੇ ਹਨ, ਉਹਨਾਂ ਦਾ ਵੀਜ਼ਾ ਰੱਦ ਕੀਤਾ ਜਾ ਸਕਦਾ ਹੈ, ਉਹਨਾਂ ਨੂੰ ਨਜ਼ਰਬੰਦ ਕਰਕੇ ਵਾਪਸ ਭੇਜਿਆ ਜਾ ਸਕਦਾ ਹੈ ਜੇਕਰ ਉਹਨਾਂ ਨੇ:

- ਆਸਟ੍ਰੇਲੀਆ ਦੀਆਂ ਸਰਹੱਦੀ ਦਾਖਲੇ ਦੀਆਂ ਲੋੜਾਂ ਅਨੁਸਾਰ ਅੰਤਰਰਾਸ਼ਟਰੀ ਯਾਤਰਾ ਦੇ ਮਕਸਦਾਂ ਵਾਸਤੇ ਪੂਰੀ ਤਰ੍ਹਾਂ ਟੀਕੇ ਨਹੀਂ ਲਗਵਾਏ ਹਨ
- ਆਸਟ੍ਰੇਲੀਆ ਦੀ ਸਰਕਾਰ ਦੁਆਰਾ ਪਰਿਭਾਸ਼ਿਤ ਕੀਤੇ ਅਨੁਸਾਰ ਕਿਸੇ COVID-19 ਵੈਕਸੀਨ ਵਾਸਤੇ ਕੋਈ ਡਾਕਟਰੀ ਮਨਾਹੀ ਨਹੀਂ ਹੈ
- ਕਿਸੇ ਛੋਟ ਵਾਲੀ ਸ਼੍ਰੇਣੀ ਵਿੱਚ ਨਹੀਂ ਹਨ ਜਾਂ ਉਹਨਾਂ ਕੋਲ ਕੋਈ ਵਿਅਕਤੀਗਤ ਯਾਤਰਾ ਛੋਟ ਹੈ।

## ਆਪਣੀ ਘੋਸ਼ਣਾ ਨੂੰ ਪੂਰਾ ਕਰੋ

ਤੁਸੀਂ MTD ਔਨਲਾਈਨ ਫਾਰਮ ਦੀ ਵਰਤੋਂ ਕਰਕੇ ਆਪਣੀ ਸਮੁੰਦਰੀ ਯਾਤਰਾ ਘੋਸ਼ਣਾ (MTD) ਨੂੰ ਪੂਰਾ ਕਰ ਸਕਦੇ ਹੋ।

ਤੁਹਾਨੂੰ ਇਕ ਖਾਤਾ (ਅਕਾਉਂਟ) ਬਣਾਉਣ ਦੀ ਲੋੜ ਪਵੇਗੀ, ਜੋ ਤੁਹਾਨੂੰ ਇਕ ਥਾਂ ਉੱਤੇ ਆਪਣੇ ਵਰਤਮਾਨ ਅਤੇ ਭਵਿੱਖ ਦੇ ਐਲਾਨਾਂ ਦਾ ਪ੍ਰਬੰਧ ਕਰਨ ਦੇ ਯੋਗ ਬਣਾਵੇਗਾ।

## ਆਪਣਾ ਘੋਸ਼ਣਾ ਪੱਤਰ ਸ਼ੁਰੂ ਕਰਨਾ

ਤੁਹਾਨੂੰ MTD ਵਾਸਤੇ ਭੁਗਤਾਨ ਕਰਨ ਦੀ ਲੋੜ ਨਹੀਂ ਹੈ – ਇਹ ਮੁਫ਼ਤ ਹੈ।

ਇਸ ਤੋਂ ਪਹਿਲਾਂ ਕਿ ਤੁਸੀਂ ਆਪਣਾ ਘੋਸ਼ਣਾ ਪੱਤਰ ਭਰਨਾ ਸ਼ੁਰੂ ਕਰੋ, ਹੇਠਾਂ ਲਿਖੀ ਜਾਣਕਾਰੀ ਨੂੰ ਤਿਆਰ ਰੱਖੋ:

- ਸਮੁੰਦਰੀ ਜਹਾਜ਼ ਦਾ ਨਾਮ ਅਤੇ ਕਿਸਮ
- ਰਵਾਨਗੀ ਅਤੇ ਪਹੁੰਚਣ ਵਾਲੀਆਂ ਬੰਦਰਗਾਹਾਂ
- ਵੈਧ ਪਾਸਪੋਰਟ
- ਆਸਟ੍ਰੇਲੀਆ ਵਿੱਚ ਤੁਹਾਡੇ ਪਹੁੰਚਣ ਤੋਂ ਪਹਿਲਾਂ ਦੇ 14 ਦਿਨਾਂ ਵਿੱਚ ਅੰਤਰਰਾਸ਼ਟਰੀ ਯਾਤਰਾ
- COVID-19 ਟੀਕਾਕਰਨ ਦਾ ਰਿਕਾਰਡ ਜਾਂ ਸਵੀਕਾਰਯੋਗ ਸਬੂਤ ਕਿ ਤੁਹਾਨੂੰ ਡਾਕਟਰੀ ਕਾਰਨਾਂ ਕਰਕੇ ਟੀਕਾ ਨਹੀਂ ਲਗਾਇਆ ਜਾ ਸਕਦਾ।

ਹਰੇਕ ਬਾਲਗ ਨੂੰ ਆਪਣਾ ਘੋਸ਼ਣਾ ਪੱਤਰ ਪੂਰਾ ਕਰਨਾ ਚਾਹੀਦਾ ਹੈ। ਮਾਪਿਆਂ ਨੂੰ 15 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਾਸਤੇ ਘੋਸ਼ਣਾ ਪੱਤਰ ਪੂਰਾ ਕਰਨਾ ਚਾਹੀਦਾ ਹੈ। ਤੁਸੀਂ ਆਪਣੀ ਪੂਰੀ ਕੀਤੀ ਘੋਸ਼ਣਾ ਵਾਲੀ ਇੱਕ ਈਮੇਲ ਪ੍ਰਾਪਤ ਕਰੋਗੇ, ਜਿਸ ਨੂੰ ਤੁਸੀਂ ਪ੍ਰਿੰਟ ਜਾਂ ਡਾਊਨਲੋਡ ਕਰ ਸਕਦੇ ਹੋ।

### ਘੁੰਮ ਕੇ ਵਾਪਸ ਆਉਣ ਵਾਲੇ ਸਫ਼ਰ (ਰਾਊਂਡ ਟ੍ਰਿਪ ਕਰੂਜ਼)

ਜਿੱਥੇ ਆਸਟ੍ਰੇਲੀਆ ਵਿੱਚ ਰਾਊਂਡ ਟ੍ਰਿਪ ਕਰੂਜ਼ ਸ਼ੁਰੂ ਹੁੰਦਾ ਹੈ ਅਤੇ ਸਮਾਪਤ ਹੁੰਦਾ ਹੈ, ਯਾਤਰੀਆਂ ਅਤੇ ਚਾਲਕ ਦਲ ਨੂੰ ਸਮੁੰਦਰੀ ਯਾਤਰਾ ਘੋਸ਼ਣਾ (MTD) ਨੂੰ ਪੂਰਾ ਕਰਨ ਦੀ ਲੋੜ ਨਹੀਂ ਹੁੰਦੀ, ਬਸ਼ਰਤੇ ਕਿ ਉਹ ਯਾਤਰਾ ਦੇ ਸ਼ੁਰੂ ਵਿੱਚ ਸਮੁੰਦਰੀ ਜਹਾਜ਼ ਵਿੱਚ ਚੜ੍ਹ ਜਾਣ। ਇਸ ਵਿੱਚ ਘਰੇਲੂ ਕਰੂਜ਼ ਅਤੇ ਅੰਤਰਰਾਸ਼ਟਰੀ ਕਰੂਜ਼ ਸ਼ਾਮਲ ਹਨ ਜੋ ਆਸਟ੍ਰੇਲੀਆ ਵਿੱਚ ਸ਼ੁਰੂ ਅਤੇ ਖਤਮ ਹੁੰਦੇ ਹਨ।

ਜੇ ਤੁਸੀਂ ਕਿਸੇ ਵਿਦੇਸ਼ੀ ਬੰਦਰਗਾਹ 'ਤੇ ਰਾਊਂਡ ਟ੍ਰਿਪ ਕਰੂਜ਼ ਵਿੱਚ ਸ਼ਾਮਲ ਹੁੰਦੇ ਹੋ, ਤਾਂ ਯਾਤਰਾ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਤੁਹਾਨੂੰ MTD ਨੂੰ ਪੂਰਾ ਕਰਨ ਦੀ ਲੋੜ ਹੁੰਦੀ ਹੈ।

## ਸਮੁੰਦਰੀ ਚਾਲਕ ਦਲ ਲਈ ਜਾਣਕਾਰੀ

ਕਰੂਜ਼ ਵਾਲੇ ਜਹਾਜ਼ 'ਤੇ ਕੰਮ ਕਰਨ ਵਾਲੇ ਸਮੁੰਦਰੀ ਅਮਲੇ ਨੂੰ ਆਸਟ੍ਰੇਲੀਆ ਜਾਣ ਵਾਲੇ ਜਹਾਜ਼ ਵਿੱਚ ਚੜ੍ਹਨ ਤੋਂ ਪਹਿਲਾਂ ਸਮੁੰਦਰੀ ਯਾਤਰਾ ਘੋਸ਼ਣਾ (MTD) ਨੂੰ ਪੂਰਾ ਕਰਨਾ ਲਾਜ਼ਮੀ ਹੈ। ਜੇ ਤੁਹਾਡਾ ਜਹਾਜ਼ ਆਸਟ੍ਰੇਲੀਆ ਦੀ ਯਾਤਰਾ 'ਤੇ ਇੱਕ ਤੋਂ ਵਧੇਰੇ ਜਗ੍ਹਾ ਰੁਕ ਰਿਹਾ ਹੈ, ਤਾਂ MTD ਨੂੰ ਕੇਵਲ ਤੁਹਾਡੀ ਪਹਿਲੀ ਰਵਾਨਗੀ ਵਾਲੀ ਬੰਦਰਗਾਹ ਤੋਂ ਪਹਿਲਾਂ ਹੀ ਪੂਰਾ ਕੀਤੇ ਜਾਣ ਦੀ ਲੋੜ ਹੁੰਦੀ ਹੈ।

MTD ਨੂੰ ਜਹਾਜ਼ ਦੇ ਇੰਚਾਰਜ ਵਿਅਕਤੀ ਜਾਂ ਜਹਾਜ਼ ਦੇ ਚਾਲਕ ਦਲ ਦੇ ਕਿਸੇ ਮੈਂਬਰ ਦੁਆਰਾ ਪੇਸ਼ ਕੀਤੇ ਜਾਣ ਦੀ ਲੋੜ ਨਹੀਂ ਹੈ ਜੇਕਰ ਉਹਨਾਂ ਦੀ ਯਾਤਰਾ ਸਮੇਂ ਯਾਤਰੀਆਂ ਨਾਲ ਕੋਈ ਗੱਲਬਾਤ ਨਹੀਂ ਹੁੰਦੀ ਅਤੇ ਆਸਟ੍ਰੇਲੀਆ ਦੇ ਖੇਤਰ ਵਿੱਚ ਹੋਣ ਦੌਰਾਨ ਉਹ ਸਮੁੰਦਰੀ ਜਹਾਜ਼ ਵਿੱਚੋਂ ਉੱਤਰਨ ਦਾ ਇਰਾਦਾ ਨਹੀਂ ਰੱਖਦੇ।

ਵਪਾਰਕ ਸਮੁੰਦਰੀ ਜਹਾਜ਼ਾਂ ਦੇ ਸਮੁੰਦਰੀ ਅਮਲੇ ਨੂੰ MTD ਨੂੰ ਪੂਰਾ ਕਰਨ ਦੀ ਲੋੜ ਨਹੀਂ ਹੈ। ਕਿਸੇ ਵਪਾਰਕ ਸਮੁੰਦਰੀ ਜਹਾਜ਼ ਵਿੱਚ ਸਵਾਰ ਕਿਸੇ ਵੀ ਯਾਤਰੀਆਂ ਨੂੰ MTD ਪੂਰਾ ਕਰਨ ਦੀ ਲੋੜ ਹੁੰਦੀ ਹੈ।

ਆਸਟ੍ਰੇਲੀਆ ਵਿੱਚ ਘਰੇਲੂ ਤੌਰ 'ਤੇ ਕੰਮ ਕਰਨ ਵਾਲੇ ਸਮੁੰਦਰੀ ਜਹਾਜ਼ਾਂ ਵਾਸਤੇ MTD ਨੂੰ ਪੂਰਾ ਕਰਨ ਦੀ ਲੋੜ ਨਹੀਂ ਹੈ।

ਆਪਣੇ ਜਹਾਜ਼ ਵਿੱਚ ਸ਼ਾਮਲ ਹੋਣ ਲਈ **ਹਵਾਈ ਜਹਾਜ਼ ਰਾਹੀਂ** ਆਸਟ੍ਰੇਲੀਆ ਪਹੁੰਚਣ ਵਾਲੇ ਸਾਰੇ ਸਮੁੰਦਰੀ ਅਮਲੇ ਨੂੰ ਡਿਜ਼ਿਟਲ ਯਾਤਰੀ ਘੋਸ਼ਣਾ (DPD) ਨੂੰ ਪੂਰਾ ਕਰਨ ਦੀ ਲੋੜ ਹੁੰਦੀ ਹੈ, ਨਾ ਕਿ MTD ਨੂੰ। ਇਹ ਇਸ ਲਈ ਹੈ ਕਿਉਂਕਿ MTD ਸਿਰਫ ਸਮੁੰਦਰ ਰਾਹੀਂ ਆਸਟ੍ਰੇਲੀਆ ਪਹੁੰਚਣ ਵਾਲੇ ਲੋਕਾਂ ਲਈ ਹੈ।

## ਤੁਹਾਡਾ ਸਮੁੰਦਰੀ ਯਾਤਰਾ ਘੋਸ਼ਣਾ ਨਤੀਜਾ

ਇੱਕ ਪੂਰੀ ਕੀਤੀ ਗਈ ਸਮੁੰਦਰੀ ਯਾਤਰਾ ਘੋਸ਼ਣਾ (MTD) ਆਸਟ੍ਰੇਲੀਆ ਵਿੱਚ ਤੁਹਾਡੇ ਦਾਖਲੇ ਦੀ ਗਰੰਟੀ ਨਹੀਂ ਦਿੰਦੀ।

ਇੱਕ ਵਾਰ ਜਦ ਤੁਸੀਂ MTD ਨੂੰ ਜਮ੍ਹਾਂ ਕਰ ਦਿੰਦੇ ਹੋ, ਤਾਂ ਤੁਹਾਨੂੰ ਇੱਕ ਈਮੇਲ ਮਿਲੇਗੀ ਜਿਸ ਨੂੰ ਤੁਹਾਡੇ ਜਹਾਜ਼ ਵਿੱਚ ਚੜ੍ਹਨ ਤੋਂ ਪਹਿਲਾਂ ਅਤੇ ਆਸਟ੍ਰੇਲੀਆ ਪਹੁੰਚਣ 'ਤੇ ਦਿਖਾਏ ਜਾਣ ਦੀ ਲੋੜ ਹੈ (ਛਪੀ ਹੋਈ ਜਾਂ ਇਲੈਕਟ੍ਰੌਨਿਕ ਤਰੀਕੇ ਨਾਲ)। ਤੁਸੀਂ ਆਪਣੇ MTD ਖਾਤੇ ਵਿੱਚ ਵੀ ਨਤੀਜੇ ਤੱਕ ਪਹੁੰਚ ਕਰ ਸਕਦੇ ਹੋ।

ਤੁਹਾਡੇ ਚੜ੍ਹਣ ਤੋਂ ਪਹਿਲਾਂ ਸਮੁੰਦਰੀ ਜਹਾਜ਼ ਦੇ ਸੰਚਾਲਕ ਤੁਹਾਡੇ MTD ਨਤੀਜੇ ਦੀ ਸਮੀਖਿਆ ਕਰਨਗੇ। ਤੁਹਾਡੀ MTD ਇੱਕ ਨਤੀਜਾ ਵਿਖਾਏਗੀ ਜਿਵੇਂ ਕਿ:

- **ਹਰਾ:** ਉਹ ਜਾਣਕਾਰੀ ਜੋ ਤੁਸੀਂ ਆਪਣੀ ਘੋਸ਼ਣਾ ਵਿੱਚ ਦਾਖਲ ਕੀਤੀ ਹੈ, ਇਹ ਦਰਸਾਉਂਦੀ ਹੈ ਕਿ ਤੁਸੀਂ ਆਸਟ੍ਰੇਲੀਆ ਵਿੱਚ ਦਾਖਲ ਹੋਣ ਲਈ ਆਸਟ੍ਰੇਲੀਆ ਦੀਆਂ ਟੀਕਾਕਰਨ ਦੀਆਂ ਲੋੜਾਂ ਨੂੰ ਪੂਰਾ ਕਰਦੇ ਹੋ। ਤੁਹਾਨੂੰ

ਫਿਰ ਵੀ ਚੈੱਕ-ਇਨ ਦੇ ਮੌਕੇ ਆਪਣੇ ਦਸਤਾਵੇਜ਼ਾਂ ਨੂੰ ਵਿਖਾਉਣ ਦੀ ਲੋੜ ਪਵੇਗੀ। ਸਮੁੰਦਰੀ ਜਹਾਜ਼ ਦੇ ਸੰਚਾਲਕ ਤੁਹਾਨੂੰ ਸਮੁੰਦਰੀ ਜਹਾਜ਼ ਵਿੱਚ ਚੜ੍ਹਨ ਦੇਣ ਦਾ ਅੰਤਮ ਫੈਸਲਾ ਲੈਣਗੇ।

- **ਨੀਲਾ:** ਉਹ ਜਾਣਕਾਰੀ ਜੋ ਤੁਸੀਂ ਆਪਣੀ ਘੋਸ਼ਣਾ ਵਿੱਚ ਦਾਖਲ ਕੀਤੀ ਹੈ, ਇਹ ਦਰਸਾਉਂਦੀ ਹੈ ਕਿ ਤੁਹਾਡੇ ਹਾਲਾਤਾਂ 'ਤੇ ਨਿਰਭਰ ਕਰਨ ਅਨੁਸਾਰ, ਤੁਸੀਂ ਆਸਟ੍ਰੇਲੀਆ ਵਿੱਚ ਦਾਖਲ ਹੋਣ ਲਈ ਆਸਟ੍ਰੇਲੀਆ ਦੀਆਂ ਟੀਕਾਕਰਨ ਦੀਆਂ ਲੋੜਾਂ ਨੂੰ ਪੂਰਾ ਕਰਦੇ ਹੋ। ਤੁਹਾਡੇ ਸਵਾਰ ਹੋਣ ਤੋਂ ਪਹਿਲਾਂ ਜਹਾਜ਼ ਦੇ ਸੰਚਾਲਕਾਂ ਨੂੰ ਕੁਝ ਵਾਧੂ ਜਾਂਚਾਂ ਕਰਨ ਦੀ ਲੋੜ ਪੈ ਸਕਦੀ ਹੈ।
- **ਲਾਲ:** ਉਹ ਜਾਣਕਾਰੀ ਜੋ ਤੁਸੀਂ ਆਪਣੀ ਘੋਸ਼ਣਾ ਵਿੱਚ ਦਾਖਲ ਕੀਤੀ ਹੈ, ਇਹ ਦਰਸਾਉਂਦੀ ਹੈ ਕਿ ਤੁਸੀਂ ਆਸਟ੍ਰੇਲੀਆ ਵਿੱਚ ਦਾਖਲ ਹੋਣ ਲਈ ਆਸਟ੍ਰੇਲੀਆ ਦੀਆਂ ਟੀਕਾਕਰਨ ਦੀਆਂ ਲੋੜਾਂ ਦੀ ਪੂਰਤੀ ਨਹੀਂ ਕਰਦੇ ਹੋ। ਤੁਸੀਂ ਤਦ ਤੱਕ ਆਸਟ੍ਰੇਲੀਆ ਵਿੱਚ ਦਾਖਲ ਨਹੀਂ ਹੋ ਸਕਦੇ ਜਦ ਤੱਕ ਤੁਹਾਨੂੰ ਯਾਤਰਾ ਦੀਆਂ ਪਾਬੰਦੀਆਂ ਤੋਂ ਛੋਟ ਨਾ ਮਿਲੇ। ਸਮੁੰਦਰੀ ਜਹਾਜ਼ ਦੇ ਸੰਚਾਲਕਾਂ ਨੂੰ ਵਾਧੂ ਜਾਂਚਾਂ ਕਰਨ ਅਤੇ ਇਹ ਨਿਰਧਾਰਤ ਕਰਨ ਦੀ ਲੋੜ ਪਵੇਗੀ ਕਿ ਕੀ ਤੁਸੀਂ ਸਮੁੰਦਰੀ ਜਹਾਜ਼ ਵਿੱਚ ਚੜ੍ਹਨ ਦੇ ਯੋਗ ਹੋ।

ਤੁਹਾਨੂੰ ਉਹਨਾਂ ਸਾਰੇ ਪ੍ਰਾਂਤਾਂ ਅਤੇ ਕੇਂਦਰੀ ਪ੍ਰਦੇਸ਼ਾਂ ਵਾਸਤੇ ਯਾਤਰਾ ਅਤੇ ਕੁਆਰੰਟੀਨ ਪ੍ਰਬੰਧਾਂ ਦੀ ਜਾਂਚ ਕਰਨੀ ਚਾਹੀਦੀ ਹੈ ਜਿੰਨ੍ਹਾਂ ਦੀ ਤੁਸੀਂ ਯਾਤਰਾ ਕਰਨ ਜਾਂ ਵਿੱਚੋਂ ਲੰਘਣ ਦੀ ਯੋਜਨਾ ਬਣਾ ਰਹੇ ਹੋ। ਆਸਟ੍ਰੇਲੀਆ ਦੇ ਹਰੇਕ ਪ੍ਰਾਂਤ ਅਤੇ ਕੇਂਦਰੀ ਪ੍ਰਦੇਸ਼ ਵਿੱਚ ਲੋੜਾਂ ਵੱਖ-ਵੱਖ ਹੁੰਦੀਆਂ ਹਨ। ਵਧੇਰੇ ਜਾਣਕਾਰੀ ਵਾਸਤੇ ਪ੍ਰਾਂਤ ਅਤੇ ਕੇਂਦਰੀ ਪ੍ਰਦੇਸ਼ ਦੀਆਂ ਪਹੁੰਚਣ ਦੀਆਂ ਲੋੜਾਂ ਵੇਖੋ।

## ਜਹਾਜ਼ ਦੇ ਸੰਚਾਲਕਾਂ ਵਾਸਤੇ ਵਧੇਰੇ ਜਾਣਕਾਰੀ

ਕਰੂਜ਼ ਸ਼ਿਪ ਦੇ ਸੰਚਾਲਕਾਂ, ਵਪਾਰਕ ਸਮੁੰਦਰੀ ਜਹਾਜ਼ਾਂ, ਸੁਪਰ ਬੇੜੀਆਂ, ਬੇੜੀਆਂ ਅਤੇ ਮਜ਼ੇਦਾਰ ਕਰਾਫਟ ਸਮੇਤ ਸਮੁੰਦਰੀ ਜਹਾਜ਼ ਦੇ ਸੰਚਾਲਕਾਂ ਵਾਸਤੇ, ਇਸ ਬਾਰੇ ਸੁਚੇਤ ਹੋਣ ਲਈ ਵਧੀਕ ਲੋੜਾਂ ਹਨ। ਵੇਖੋ ਸਮੁੰਦਰ ਰਾਹੀਂ ਦਾਖਲ ਹੋਣਾ ਅਤੇ ਬਾਹਰ ਜਾਣਾ।

## ਸਹਾਇਤਾ

ਜੇ ਤੁਹਾਨੂੰ ਆਪਣੇ MTD ਨੂੰ ਪੂਰਾ ਕਰਨ ਵਿੱਚ ਮਦਦ ਦੀ ਲੋੜ ਹੈ, ਤਾਂ ਅਕਸਰ ਪੁੱਛੇ ਜਾਣ ਵਾਲੇ ਸਵਾਲਾਂ ਨੂੰ ਵੇਖੋ।